# ਸ਼ੇਖ ਫ਼ਰੀਦ - ਸਬਦ ੭੩

## ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥

### ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥

ਸਾਰ: ਇਕ ਅਣਸਿਖਿਅਤ ਮਨ ਦਿਸ਼ਾਹੀਣ ਹੁੰਦਾ ਹੈ, ਜੋ ਸੂਝ ਦੀ ਬਜਾਏ ਭਾਵੁਕਤਾ ਨਾਲ ਪ੍ਰਤੀਕਿਰਿਆ ਕਰਦਾ ਹੈ। ਭੌਤਿਕ ਸੰਸਾਰ ਵਿਚ ਭਟਕਦਾ ਇਹ ਮਨ, ਨਿਰੰਤਰ ਭਾਵੁਕਤਾ ਅਤੇ ਭਟਕਣਾਵਾਂ ਦੁਆਰਾ ਪ੍ਰੇਰਿਤ, ਬਾਹਰੀ ਉਤੇਜਨਾ ਦੀ ਭਾਲ ਕਰਦਾ ਹੈ ਜੋ ਸਿਰਫ ਬੇਚੈਨੀ ਹੀ ਵਧਾਉਂਦੀ ਹੈ। ਇੱਛਾਵਾਂ ਬਿਬੇਕ ਦੀ ਥਾਂ ਲੈਂਦੀਆਂ ਹਨ, ਅਤੇ ਪ੍ਰਤੀਕਿਰਿਆਵਾਂ ਚਿੰਤਨ ਦੀ ਸਮਰੱਥਾ ਨੂੰ ਕੱਜ ਲੈਂਦੀਆਂ ਹਨ, ਮਨ ਨੂੰ ਕੂੜ-ਕਬਾੜ ਵਿਚੋਂ ਕਿਸੇ ਮਹੱਤਵਪੂਰਨ ਵਸਤ ਦੀ ਭਾਲ ਕਰਨ ਵੱਲ ਮੋੜ ਦਿੰਦੀਆਂ ਹਨ। ਜਾਗਰੂਕਤਾ ਪੈਦਾ ਕਰ, ਅਸੀਂ ਅੰਤਰੀਵੀ ਟਿਕਾਉ ਪ੍ਰਾਪਤ ਕਰ ਸਕਦੇ ਹਾਂ ਅਤੇ ਆਪਣੇ ਮਨਾਂ ਨੂੰ ਉਨ੍ਹਾਂ ਟਕਸਾਲਾਂ ਵਿਚ ਰੁਪਾਂਤ੍ਰਿਤ ਕਰ ਸਕਦੇ ਹਾਂ ਜਿਥੇ ਇਕਾਗਰਤਾ ਭਰਪੂਰ ਜੀਵਨ ਘੜ੍ਹਿਆ ਜਾਂਦਾ ਹੋਵੇ।

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਫਰੀਦ ਕਹਿੰਦੇ ਹਨ ਕਿ ਜਿਹੜੇ ਕਿਸੇ ਨੂੰ ਸਤਿਕਾਰ ਨਹੀਂ ਦਿੰਦੇ ਅਤੇ ਅਵਾਰਾ ਕੁੱਤਿਆਂ ਵਾਂਗ ਵਿਵਹਾਰ ਕਰਦੇ ਹਨ; ਉਨ੍ਹਾਂ ਦੀ ਜੀਵਨ ਸ਼ੈਲੀ ਲਾਹੇਵੰਦ ਨਹੀਂ ਹੈ। ਇਹ ਭਾਵ ਦਰਸਾਉਂਦਾ ਹੈ ਕਿ ਕਿਵੇਂ ਇਕ ਅਣਸਿਖਿਅਤ ਮਨ ਭੌਤਿਕ ਸੰਸਾਰ ਵਿਚ ਭਟਕਦੇ ਹੋਏ, ਭਾਵੁਕਤਾ ਨਾਲ ਕਾਰਜ ਕਰ ਸਕਦਾ ਹੈ।

ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥
ਇਹ ਕਦੇ ਵੀ ਪੰਜ ਵਾਰ ਮਸੀਤ ਵਿਚ ਨਹੀਂ ਜਾਂਦਾ। ਇਹ ਭਾਵ ਇਕ ਅਜਿਹੇ ਮਨ ਦਾ ਪ੍ਰਤੀਕ ਹੈ ਜੋ ਜੀਵਨ ਦੇ ਬਦਲਦੇ ਪੜਾਵਾਂ ਵਿਚਕਾਰ ਆਪਣੇ ਅੰਤਰੀਵੀ ਪਵਿੱਤਰ ਸਥਾਨ ਤੱਕ ਪਹੁੰਚਣ ਲਈ ਪਹਿਲਕਦਮੀ ਕਰਨ ਵਿਚ ਅਸਫਲ ਰਹਿੰਦਾ ਹੈ। (੭੦)

ਤੱਤ: ਸ਼ੇਖ ਫ਼ਰੀਦ ਭਟਕਦੇ ਮਨ ਦੀ ਆਲੋਚਨਾ ਕਰਦੇ ਹਨ, ਬਿਨਾਂ ਕਿਸੇ ਟਿਕਾਉ ਗੌਰਵਹੀਣ ਜੀਵਨ ਜੀਉਣ ਦੀ ਸੱਚਾਈ ਨੂੰ ਉਜਾਗਰ ਕਰਦੇ ਹੋਏ ਸੁਝਾਅ ਦਿੰਦੇ ਹਨ ਕਿ ਜਦੋਂ ਮਨ ਗੂੜ੍ਹ ਚੁੱਪ ਅਤੇ ਚਿੰਤਨ ਰੂਪੀ

ਅੰਤਰੀਵੀ ਸ਼ਰਨ ਲੈਣ ਤੋਂ ਇਨਕਾਰੀ ਹੋ ਜਾਂਦਾ ਹੈ ਤਾਂ ਇਹ ਨੀਵੀਂ ਖੱਡ ਵਿਚ ਡਿੱਗ ਜਾਂਦਾ ਹੈ। ਇਹ ਮਨ ਨਿਰੰਤਰ ਦੌੜਦਾ ਹੋਇਆ ਆਪਣੇ ਨਿੱਜਘਰ ਵਿਚ ਵਾਪਸ ਨਹੀਂ ਜਾਂਦਾ। ਮੂਲ ਸੰਦੇਸ਼ ਇਹ ਹੈ ਕਿ ਅਸਲ ਸਨਮਾਨ ਰੋਜ਼ਮਰਾ ਜੀਵਨ ਵਿਚ ਚਿੰਤਨ ਰੂਪੀ ਮਰਿਯਾਦਾ ਦੇ ਧਾਰਨੀ ਹੋਣ ਵਿਚ ਨਹਿਤ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**